# ਅਧਿਆਇ 6

# ਮਾਰਦਕਈ ਦਾ ਇਨਾਮ

ਅਧਿਆਇ 6 ਵਿਚ ਹਾਮਾਨ ਦੀ ਗਿਰਾਵਟ ਦੀ ਕਹਾਣੀ ਅੱਗੇ ਵਧਦੀ ਹੈ। ਲੇਖਕ ਇਸ ਪਾਠ ਵਿਚ ਇਸ ਨੂੰ ਇਸ ਨਾਲ ਜੋੜਦਾ ਹੈ ਕਿ ਕਿਵੇਂ ਰੱਬੀ ਇੰਤਜ਼ਾਮ ਦੇ ਰਾਹੀਂ ਬਾਦਸ਼ਾਹ ਨੂੰ ਪਤਾ ਲੱਗਾ ਕਿ ਮਾਰਦਕਈ ਨੇ ਉਸਦੀ ਜਾਨ ਬਚਾਈ ਸੀ ਅਤੇ ਉਸ ਨੇ ਉਹਨੂੰ ਸਨਮਾਨਤ ਕਰਨ ਦਾ ਫ਼ੈਸਲਾ ਕੀਤਾ। ਬਾਦਸ਼ਾਹ ਦਾ ਰਾਤ ਭਰ ਨਾ ਸੌਂ ਸਕਣਾ, ਇਕ ਤਰਫ਼ਾ ਲਿਹਾਜ਼ ਦਾ ਪਤਾ ਲੱਗਣਾ ਅਤੇ ਬਾਦਸ਼ਾਹ ਅਤੇ ਹਾਮਾਨ ਵਿਚਕਾਰ ਗੈਰ ਮਾਮੂਲੀ ਮੁਲਾਕਾਤ ਹਾਮਾਨ ਦੇ ਜ਼ਲੀਲ ਹੋਣ ਅਤੇ ਮਾਰਦਕਈ ਦੇ ਸਨਮਾਨਿਤ ਕੀਤੇ ਜਾਣ ਦਾ ਕਾਰਣ ਬਣਿਆ।

### **ਬਾਦਸ਼ਾਹ ਵੱਲੋਂ ਮਾਰਦਕਈ ਦਾ ਸਨਮਾਨ** (6:1-11)

**1ਓਸੇ ਰਾਤ ਪਾਤਸ਼ਾਹ ਦੀ ਨੀਂਦ ਜਾਂਦੀ ਰਹੀ ਤਾਂ ਉਸ ਨੇ ਇਤਹਾਸ ਦੀ ਪੋਥੀ ਲਿਆਉਣ ਨੂੰ**
**ਆਖਿਆ ਅਤੇ ਓਹ ਪਾਤਸ਼ਾਹ ਦੇ ਸਨਮੁਖ ਵਾਚੀ ਗਈ 2ਤਾਂ ਉਹ ਦੇ ਵਿਚ ਲਿਖਿਆ ਹੋਇਆ ਲੱਭਾ**
**ਕਿ ਮਾਰਦਕਈ ਨੇ ਦਰਬਾਨਾਂ ਵਿੱਚੋਂ ਪਾਤਸ਼ਾਹ ਦੇ ਦੋ ਖੁਸਰਿਆਂ ਬਿਗਥਾਨਾ ਅਰ ਤਰਸ਼ ਦੀ ਖਬਰ**
**ਦਿੱਤੀ ਸੀ ਜਿਹੜੇ ਅਹਸ਼ਵੇਰੋਸ਼ ਪਾਤਸ਼ਾਹ ਉੱਤੇ ਹੱਥ ਪਾਉਣਾ ਭਾਲਦੇ ਸਨ 3ਪਾਤਸ਼ਾਹ ਨੇ ਆਖਿਆ ਕਿ**
**ਇਸ ਦੇ ਬਦਲੇ ਵਿਚ ਮਾਰਦਕਈ ਦੀ ਕੀ ਪਤ ਪਰਤੀਤ ਕੀਤੀ ਗਈ ਹੈ? ਤਾਂ ਪਾਤਸ਼ਾਹ ਦੇ ਜੁਆਨਾਂ**
**ਨੇ ਜਿਹੜੇ ਉਹ ਦੀ ਸੇਵਾ ਕਰਦੇ ਸਨ ਆਖਿਆ ਕਿ ਉਸ ਦੇ ਨਾਲ ਕੁੱਝ ਨਹੀਂ ਕੀਤਾ ਗਿਆ 4ਪਾਤਸ਼ਾਹ**
**ਨੇ ਆਖਿਆ, ਵੇਹੜੇ ਵਿਚ ਕੌਣ ਹੈ? ਉਸ ਵੇਲੇ ਹਾਮਾਨ ਪਾਤਸ਼ਾਹ ਦੇ ਮਹਿਲ ਦੇ ਬਾਹਰ ਦੇ ਵੇਹੜੇ**
**ਵਿਚ ਆਇਆ ਹੋਇਆ ਸੀ ਤਾਂ ਜੋ ਮਾਰਦਕਈ ਨੂੰ ਉਸ ਸੂਲੀ ਉੱਤੇ ਜਿਹੜੀ ਉਸ ਨੇ ਤਿਆਰ ਕੀਤੀ**
**ਹੋਈ ਸੀ ਟੰਗਣ ਲਈ ਪਾਤਸ਼ਾਹ ਨੂੰ ਆਖੇ 5ਤਾਂ ਪਾਤਸ਼ਾਹ ਦੇ ਜੁਆਨਾਂ ਨੇ ਉਹ ਨੂੰ ਆਖਿਆ, ਵੇਖੋ ਜੀ!**
**ਹਾਮਾਨ ਵੇਹੜੇ ਵਿਚ ਖੜਾ ਹੈ। ਪਾਤਸ਼ਾਹ ਨੇ ਆਖਿਆ, ਉਹ ਨੂੰ ਅੰਦਰ ਆਉਣ ਦਿਓ 6ਤਾਂ ਹਾਮਾਨ**
**ਅੰਦਰ ਆਇਆ ਅਤੇ ਪਾਤਸ਼ਾਹ ਨੇ ਉਹ ਨੂੰ ਆਖਿਆ ਕਿ ਜਿਸ ਮਨੁੱਖ ਨੂੰ ਪਾਤਸ਼ਾਹ ਪਤ ਦੇਣੀ ਚਾਹੇ**
**ਉਹ ਦੇ ਲਈ ਕੀ ਕੀਤਾ ਜਾਵੇ? ਹਾਮਾਨ ਨੇ ਆਪਣੇ ਮਨ ਵਿਚ ਆਖਿਆ ਕਿ ਮੇਰੇ ਨਾਲੋਂ ਵੱਧ ਪਾਤਸ਼ਾਹ**
**ਹੋਰ ਕਿਸ ਨੂੰ ਪਤ ਦੇਵੇਗਾ? 7ਤਾਂ ਹਾਮਾਨ ਨੇ ਪਾਤਸ਼ਾਹ ਨੂੰ ਆਖਿਆ ਕਿ ਉਸ ਮਨੁੱਖ ਦੇ ਲਈ ਜਿਹ ਨੂੰ**
**ਪਾਤਸ਼ਾਹ ਪਤ ਦੇਣੀ ਚਾਹੇ 8ਸ਼ਾਹੀ ਪੁਸ਼ਾਕ ਜਿਹ ਨੂੰ ਪਾਤਸ਼ਾਹ ਪਹਿਨਦਾ ਸੀ ਅਤੇ ਉਹ ਘੋੜਾ ਜਿਹ ਦੇ**
**ਉੱਤੇ ਪਾਤਸ਼ਾਹ ਸਵਾਰ ਹੁੰਦਾ ਸੀ ਅਤੇ ਜਿਹ ਦੇ ਸਿਰ ਉੱਤੇ ਸ਼ਾਹੀ ਤਾਜ ਰੱਖਿਆ ਹੋਇਆ ਹੈ ਲਿਆਂਦਾ**
**ਜਾਵੇ 9ਅਤੇ ਉਹ ਪੁਸ਼ਾਕ ਅਤੇ ਉਹ ਘੋੜਾ ਪਾਤਸ਼ਾਹ ਦੇ ਸਰਦਾਰਾਂ ਵਿੱਚੋਂ ਸਭ ਤੋਂ ਉੱਚੀ ਪਦਵੀ ਵਾਲੇ**
**ਮਨੁੱਖ ਦੇ ਹੱਥ ਵਿਚ ਦਿੱਤੇ ਜਾਣ ਤਾਂ ਜੋ ਉਸ ਮਨੁੱਖ ਨੂੰ ਉਹ ਪੁਸ਼ਾਕ ਪੁਆਵੇ ਜਿਹ ਨੂੰ ਪਾਤਸ਼ਾਹ ਪਤ**
**ਦੇਣੀ ਚਾਹੇ ਅਤੇ ਉਸ ਨੂੰ ਘੋੜੇ ਉੱਤੇ ਚੜ੍ਹਾ ਕੇ ਸ਼ਹਿਰ ਦੇ ਚੌਂਕ ਵਿਚ ਫਿਰਾਇਆ ਜਾਵੇ ਅਤੇ ਉਹ ਦੇ**
**ਸਾਹਮਣੇ ਡੌਂਡੀ ਪਿਟਵਾਈ ਜਾਵੇ ਕਿ ਜਿਸ ਮਨੁੱਖ ਨੂੰ ਪਾਤਸ਼ਾਹ ਪਤ ਦੇਣੀ ਚਾਹੁੰਦਾ ਹੈ ਉਹ ਦੇ ਨਾਲ**
**ਏਦਾਂ ਹੀ ਕੀਤਾ ਜਾਵੇਗਾ। 10ਤਦ ਪਾਤਸ਼ਾਹ ਨੇ ਹਾਮਾਨ ਨੂੰ ਆਖਿਆ, ਝੱਟ ਕਰ ਅਤੇ ਆਪਣੀ ਗੱਲ**
**ਅਨੁਸਾਰ ਘੋੜਾ ਅਤੇ ਪੁਸ਼ਾਕ ਲੈ ਅਤੇ ਮਾਰਦਕਈ ਯਹੂਦੀ ਨਾਲ ਜਿਹੜਾ ਪਾਤਸ਼ਾਹੀ ਫਾਟਕ ਉੱਤੇ**
**ਬੈਠਾ ਹੈ ਏਦਾਂ ਹੀ ਕਰ ਅਤੇ ਜੋ ਕੁੱਝ ਤੂੰ ਆਖਿਆ ਹੈ ਉਸ ਵਿੱਚੋਂ ਕੋਈ ਗੱਲ ਰਹਿ ਨਾ ਜਾਵੇ! 11ਤਾਂ**

**ਹਾਮਾਨ ਨੇ ਉਹ ਪੁਸ਼ਾਕ ਅਤੇ ਉਹ ਘੋੜਾ ਲਿਆ ਅਤੇ ਮਾਰਦਕਈ ਨੂੰ ਪੁਸ਼ਾਕ ਪੁਵਾਈ ਅਤੇ ਘੋੜੇ ਉੱਤੇ ਚੜ੍ਹਾ ਕੇ ਸ਼ਹਿਰ ਦੇ ਚੌਂਕ ਵਿਚ ਫਿਰਾਇਆ ਅਤੇ ਉਹ ਦੇ ਅੱਗੇ ਡੌਂਡੀ ਪਿਟਵਾਈ ਕਿ ਉਸ ਮਨੁੱਖ ਨਾਲ ਇਵੇਂ ਹੀ ਕੀਤਾ ਜਾਵੇਗਾ ਜਿਹ ਨੂੰ ਪਾਤਸ਼ਾਹ ਪਤ ਦੇਣੀ ਚਾਹੁੰਦਾ ਹੈ!**

ਕਹਾਣੀ ਦੇ ਇਸ ਹਿੱਸੇ ਨੂੰ ਵਿਆਖਿਆ ਕਰਨ ਦੀ ਬਜਾਇ, ਸਲਾਹਿਆ ਜਾ ਸਕਦਾ ਹੈ। ਪਾਠਕ ਉੱਤੇ ਕਹਾਣੀ ਦਾ ਅਸਰ ਜੋ ਸਿਰਫ਼ ਪੜ੍ਹਨ ਨਾਲ ਹੁੰਦਾ ਹੈ ਉਸ ਨੂੰ ਕਿਸੇ ਵਿਆਖਿਆ ਨਾਲ ਵਧਾਇਆ ਨਹੀਂ ਜਾ ਸਕਦਾ। ਹਾਮਾਨ ਦੀ ਜ਼ਿੱਲਤ ਉੱਤੇ ਉੱਚੀ ਉੱਚੀ ਹੱਸੇ ਬਗ਼ੈਰ ਰਿਹਾ ਨਹੀਂ ਜਾ ਸਕਦਾ। ਫਿਰ ਵੀ ਇਸ ਘਟਨਾ ਦੀਆਂ ਕਈ ਗੱਲਾਂ ਉੱਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

**ਆਇਤ 1. ਓਸੇ ਰਾਤ ਪਾਤਸ਼ਾਹ ਦੀ ਨੀਂਦ ਜਾਂਦੀ ਰਹੀ।** ਇਬਰਾਨੀ ਲਿਖਤ ਵਿਚ ਮੂਲ ਵਿਚ ਇਹੀ ਕਿਹਾ ਗਿਆ ਹੈ ਕਿ ''ਪਾਤਸ਼ਾਹ ਦੀ ਨੀਂਦ ਉੱਡ ਗਈ।'' ਉਸ ਦਾ ਨੀਂਦਰਾ ਉਨ੍ਹਾਂ ''ਸੰਯੋਗਾਂ'' ਵਿੱਚੋਂ ਇਕ ਹੈ ਜਿਹੜੇ ਖ਼ੁਦਾ ਵੱਲੋਂ ਯਹੂਦੀਆਂ ਨੂੰ ਛੁਟਕਾਰਾ ਦੁਆਉਣ ਲਈ ਇਕ ਦੂਜੇ ਨਾਲ ਬੁਣੇ ਗਏ ਸਨ।

ਬਾਦਸ਼ਾਹ ਨੇ **ਇਤਹਾਸ ਦੀ ਪੋਥੀ ਲਿਆਉਣ ਨੂੰ ਆਖਿਆ**। ਹੋਰਨਾਂ ਸੰਸਰਕਣਾਂ ਵਿਚ ਇਸ ਕੰਮ ਨੂੰ ''ਇਤਹਾਸ ਦੀ ਪੁਸਤਕ, ਉਸ ਦੀ ਹਕੂਮਤ ਦਾ ਰਿਕਾਰਡ'' (NIV); ''ਰਿਕਾਰਡ ਵਾਲੀ ਕਿਤਾਬ, ਸਾਲਨਾਮਾ'' (NRSV); ''ਯਾਦਗਾਰੀ ਘਟਨਾਵਾਂ ਦਾ ਇਤਹਾਸ'' (REB); ''ਉਸ ਸਭ ਦਾ ਲੇਖਾ ਜੋਖਾ ਜੋ ਉਸ ਦੇ ਬਾਦਸ਼ਾਹ ਬਣਨ ਤੋਂ ਲੈ ਕੇ ਹੋਇਆ ਸੀ'' (CEV) ਕਿਹਾ ਗਿਆ ਹੈ। 2:23 ਵਿਚ ਇਸ ਲੇਖਣੀ ਨੂੰ ''ਇਤਹਾਸ ਦੀ ਪੋਥੀ'' ਵੀ ਕਿਹਾ ਗਿਆ ਹੈ।

ਬਾਦਸ਼ਾਹ ਦੇ ਇਕ ਸੇਵਕ ਨੇ ਇਹ ਕਿਤਾਬ ਲੱਭ ਲਿਆਂਦੀ, ਅਤੇ ਇਹ ਉਹਦੇ ਅੱਗੇ **ਵਾਚੀ** ਗਈ। ਨੀਂਦ ਨਾ ਆਉਣ ਤੇ ਸੌਣ ਦੀ ਕੋਸ਼ਿਸ਼ ਕਰਨ ਦਾ ਇਹ ਪੂਰੀ ਤਰ੍ਹਾਂ ਨਾਲ ਮੰਨੇ ਜਾਣ ਯੋਗ ਤਰੀਕਾ ਹੈ। ਮੰਨਿਆ ਜਾ ਸਕਦਾ ਹੈ ਕਿ ਉਹ ਇਤਹਾਸ ਆਮ ਤੌਰ ਤੇ ਅਕਾਊ ਅਤੇ ਮਾਮੂਲੀ ਹੁੰਦੇ ਸਨ ਅਤੇ ਇਸ ਕਰਕੇ ਉਨ੍ਹਾਂ ਨਾਲ ਨੀਂਦ ਆਉਣ ਲਗਦੀ ਹੋਵੇਗੀ। ਪਰ ਇਸ ਮਾਮਲੇ ਵਿਚ ਇਕ ਘਟਨਾ ਨੇ ਅਹਸ਼ਵੇਰੋਸ਼ ਦੀਆਂ ਅੱਖਾਂ ਹੋਰ ਖੋਲ੍ਹ ਦਿੱਤੀਆਂ।

**ਆਇਤ 2.** ਬਾਦਸ਼ਾਹ ਦੀ ਜਾਨ ਇਕ ਵਾਰ ਯਹੂਦੀ **ਮਾਰਦਕਈ** ਵੱਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਨਾਲ ਬਚਾਈ ਗਈ ਸੀ। ਇਹ ਵਿਰਤਾਂਤ ਅਕਾਊ ਨਹੀਂ ਸੀ ਬਲਕਿ ਅਸਲ ਵਿਚ ਇਹ ਰੋਮਾਂਚਕਾਰੀ ਸੀ! ਇਸ ਨੇ ਬਾਦਸ਼ਾਹ ਨੂੰ ਸੁਆਉਣ ਦੀ ਬਜਾਇ ਜਗਾ ਦਿੱਤਾ। ਕਿਤਾਬ ਦੇ ਇਕ ਖ਼ਾਸ ਹਿੱਸੇ ਵਿਚ ਦੱਸਿਆ ਗਿਆ ਸੀ ਕਿ ਕਿਵੇਂ ਮਾਰਦਕਈ ਨੇ ਇਕ ਸਾਜ਼ਸ਼ **ਦੀ ਖ਼ਬਰ** ਦਿੱਤੀ ਸੀ ਜਿਸ ਵਿਚ **ਦਰਬਾਨਾਂ ਵਿੱਚੋਂ ਪਾਤਸ਼ਾਹ ਦੇ ਦੋ ਖੁਸਰਿਆਂ** [ਜਾਂ ''ਅਧਿਕਾਰੀਆਂ''; 2:21] **ਬਿਗਥਾਨਾ ਅਰ ਤਰਸ਼** ਦੇ ਨਾਂਅ ਸਨ। ਜਦ ਇਹ ਹੋਇਆ ਸੀ, ਤਦ ਮਲਕਾ ਅਸਤਰ ਨੇ ਬਾਦਸ਼ਾਹ ਨੂੰ ਇਹ ਖ਼ਬਰ ਦਿੱਤੀ ਅਤੇ ਇਨ੍ਹਾਂ ਬੰਦਿਆਂ ਦੀ ਦੁਸ਼ਟ ਯੋਜਨਾਵਾਂ ਨਾਕਾਮ ਕਰ ਦਿੱਤੀਆਂ ਗਈਆਂ ਸਨ। ਇਹ ਕਾਰਨਾਮਾ ਰਾਜਿਆਂ ਦੇ ਇਤਹਾਸ ਵਿਚ ਦਰਜ ਕੀਤਾ ਗਿਆ ਸੀ (2:21–23), ਪਰ ਜ਼ਾਹਿਰ ਹੈ ਕਿ ਇਸ ਨੂੰ ਭੁਲਾ ਦਿੱਤਾ ਗਿਆ ਸੀ।

**ਆਇਤ 3. ਪਾਤਸ਼ਾਹ** ਨੇ ਆਪਣੇ ਸੇਵਕਾਂ ਵਿੱਚੋਂ ਇਕ ਨੂੰ ਇਹ ਪੁੱਛ ਕੇ ਕਿ ਉਹਦੀ ਜਾਨ ਬਚਾਉਣ ਲਈ **ਮਾਰਦਕਈ** ਨੂੰ ਇਨਾਮ ਦੇਣ ਲਈ ਕੀ ਕੀਤਾ ਗਿਆ ਸੀ, ਪ੍ਰਤੀਕਿਰਿਆ ਦਿੱਤੀ। ਇਸ ਵਿਚ ਇਹ ਵਿਚਾਰ ਮਿਲਦਾ ਹੈ ਕਿ ਅਜਿਹੀ ਸੇਵਾ ਦੇਣ ਵਾਲਾ ਵਿਅਕਤੀ ਇਨਾਮ ਦਿੱਤੇ ਜਾਣ ਦਾ ਹੱਕਦਾਰ ਹੁੰਦਾ ਹੈ। ਫ਼ਾਰਸੀ ਬਾਦਸ਼ਾਹ ਦਾ ਨੇਕ ਅਤੇ ਬਹਾਦਰੀ ਦੇ ਕੰਮਾਂ ਲਈ ਇਨਾਮ ਦੇਣ ਲਈ ਮਸ਼ਹੂਰ ਸਨ।[1] ਉਦਾਹਰਣ ਲਈ, ਹੇਰੋਦੋਤਸ ਨੇ ਕਿਹਾ ਕਿ ''ਫਿਲੇਕਸ'' ਨਾਂਅ ਦਾ ਇਕ ਆਦਮੀ, ਜਿਸ ਨੇ ਫ਼ਾਰਸੀ ਜੰਗਾਂ ਦੌਰਾਨ ਇਕ ਯੂਨਾਨੀ ਜਹਾਜ਼ ਫੜਿਆ ਸੀ, ''ਉਸਦਾ ਨਾਂਅ ਬਾਦਸ਼ਾਹ ਦੇ

ਹਿੱਤਕਾਰੀਆਂ ਦੀ ਸੂਚੀ ਵਿਚ ਦਰਜ ਕੀਤਾ ਗਿਆ ਸੀ ਅਤੇ ਉਸ ਨੂੰ ਵੱਡੀ ਜਾਇਦਾਦ ਦਿੱਤੀ ਗਈ ਸੀ।''[2] ਫ਼ਾਰਸੀ ਬਾਦਸ਼ਾਹ ਭਾਵੇਂ ਰਿਵਾਇਤੀ ਤੌਰ ਤੇ ਅਜਿਹੀ ਸੇਵਾ ਲਈ ਇਨਾਮ ਦਿੰਦੇ ਸਨ, ਪਰ ਮਾਰਦਕਈ ਲਈ **ਕੁਝ ਨਹੀਂ ਕੀਤਾ ਗਿਆ** ਸੀ।

**ਆਇਤਾਂ 4, 5.** ਇਕ ਅਵਾਜ਼ ਕੰਨੀ ਪੈਣ ਤੇ, **ਪਾਤਸ਼ਾਹ** ਨੇ ਆਖਿਆ, **ਵੇਹੜੇ ਵਿਚ ਕੌਣ ਹੈ? ਉਸ ਵੇਲੇ ਹਾਮਾਨ ਪਾਤਸ਼ਾਹ ਦੇ ਮਹਿਲ ਦੇ ਬਾਹਰ ਦੇ ਵੇਹੜੇ ਵਿਚ ਆਇਆ ਹੋਇਆ ਸੀ ਤਾਂ ਜੋ ਮਾਰਦਕਈ ਨੂੰ ਉਸ ਸੂਲੀ ਉੱਤੇ ਜਿਹੜੀ ਉਸ ਨੇ ਤਿਆਰ ਕੀਤੀ ਹੋਈ ਸੀ ਟੰਗਣ ਲਈ ਪਾਤਸ਼ਾਹ ਨੂੰ ਆਖੇ।** ਜਦ ਜਵਾਨਾਂ ਨੇ ਅਹਸ਼ਵੇਰੋਸ਼ ਨੂੰ ਦੱਸਿਆ ਕਿ ਹਾਮਾਨ ਉੱਥੇ ਹੈ ਤਾਂ ਉਸਨੇ ਹਾਮਾਨ ਨੂੰ ਅੰਦਰ ਸੱਦਣ ਲਈ ਕਿਆ।

ਇਨ੍ਹਾਂ ਘਟਨਾਵਾਂ ਦੀ ਤਰਤੀਬ ਕੁਝ ਉਲਝਾਉਣ ਵਾਲੀ ਹੈ। ਜੇ ਬਾਦਸ਼ਾਹ ਨੂੰ ਰਾਤ ਦੇ ਸ਼ੁਰੂ ਵਿਚ ਨੀਂਦ ਨਹੀਂ ਆ ਰਹੀ ਸੀ, ਅਤੇ ਜੇ ਹਾਮਾਨ ਸਵੇਰ ਤਕ ਬਾਦਸ਼ਾਹ ਦੇ ਘਰ ਨਹੀਂ ਪਹੁੰਚਿਆ ਸੀ (ਵੇਖੋ 5:14), ਤਾਂ ਇਤਹਾਸ ਦੀ ਕਿਤਾਬ ਤੋਂ ਮਾਰਦਕਈ ਦੇ ਬਹਾਦਰੀ ਦੇ ਕਾਰਨਾਮੇ ਨੂੰ ਜਾਣ ਕੇ ਹੀ ਬਾਦਸ਼ਾਹ ਕਿਵੇਂ ਉਦੋਂ ਹੀ ਮਦਦ ਲਈ ਕਹਿ ਰਿਹਾ ਸੀ ਜਦੋਂ ਹਾਮਾਨ ਪਹੁੰਚਿਆ ਸੀ? ਇਹ ਗੱਲਾਂ ਹੋ ਸਕਦੀਆਂ ਹਨ। (1) ਬਾਦਸ਼ਾਹ ਨੇ ਮਾਰਦਕਈ ਦੇ ਕਾਰਨਾਮੇ ਬਾਰੇ ਸ਼ਾਮ ਨੂੰ ਸੁਣਿਆ ਹੋਵੇਗਾ ਅਤੇ ਇਹ ਪੁੱਛਣ ਤੋਂ ਪਹਿਲਾਂ ਕਿ ਵੇਹੜੇ ਵਿਚ ਕੌਣ ਹੈ ਉਹ ਨੇ ਰਾਤ ਭਰ ਇਸ ਉੱਤੇ ਵਿਚਾਰ ਕੀਤਾ ਹੋਵੇਗਾ। (2) ਉਸ ਨੇ ਸਾਰੀ ਰਾਤ ਇਤਹਾਸ ਨੂੰ ਪੜ੍ਹੇ ਜਾਣ ਨੂੰ ਸੁਣਿਆ ਹੋਵੇਗਾ, ਪਰ ਸਵੇਰ ਤਕ ਮਾਰਦਕਈ ਤਕ ਵਾਲਾ ਹਿੱਸਾ ਨਹੀਂ ਪੜ੍ਹਿਆ ਗਿਆ ਹੋਵੇਗਾ। (3) ਉਹ ਸੌਂ ਗਿਆ ਹੋ ਸਕਦਾ ਹੈ ਪਰ ਫੇਰ ਜਾਗ ਗਿਆ ਹੋਵੇਗਾ। ਸੌਂ ਨਾ ਸਕਣ ਕਰਕੇ ਉਸ ਨੇ ਸਵੇਰ ਚੜ੍ਹਨ ਤਕ ਇਤਹਾਸ ਦੀ ਕਿਤਾਬ ਪੜ੍ਹਵਾਈ।

**ਆਇਤ 6.** ਜਦ **ਹਾਮਾਨ ਅੰਦਰ ਆਇਆ** ਤਾਂ **ਪਾਤਸ਼ਾਹ ਨੇ ਉਹਨੂੰ** ਪੁੱਛਿਆ **ਕਿ ਜਿਸ ਮਨੁੱਖ ਨੂੰ ਪਾਤਸ਼ਾਹ ਪਤ ਦੇਣੀ ਚਾਹੇ ਉਹ ਦੇ ਲਈ ਕੀ ਕੀਤਾ ਜਾਵੇ?** ਤਾਂ **ਹਾਮਾਨ ਨੇ ਆਪਣੇ ਮਨ ਵਿਚ ਆਖਿਆ ਕਿ ਮੇਰੇ ਨਾਲੋਂ ਵੱਧ ਪਾਤਸ਼ਾਹ ਹੋਰ ਕਿਸ ਨੂੰ ਪਤ ਦੇਵੇਗਾ?** ਖ਼ੁਦਗਰਜ਼, ਸਵੈ ਸੇਵਾ ਕਰਨ ਵਾਲੇ ਹਾਮਾਨ ਨੇ ਇਕਦਮ ਨਿਚੋੜ ਕੱਢ ਲਿਆ ਕਿ ਬਾਦਸ਼ਾਹ ਉਹ ਨੂੰ ਘੁਮਾ ਕੇ ਇਹ ਪੁੱਛ ਰਿਹਾ ਹੈ ਕਿ ਉਹ ਨੂੰ ਸਨਮਾਨਿਤ ਕਰਨ ਲਈ ਕੀ ਕੀਤਾ ਜਾਵੇ। ਉਹਨੂੰ ਲੱਗਾ, ''ਆਖ਼ਿਰ, ਮੇਰੇ ਨਾਲੋਂ ਵੱਧ ਸਤਕਾਰ ਦਾ ਹੱਕਦਾਰ ਹੋਰ ਕੌਣ ਹੈ?''

ਜੌਇਸ ਜੀ. ਬਾਲਡਵਿਨ ਨੇ ਸੁਝਾਅ ਦਿੱਤਾ ਹੈ ਕਿ ਹਾਮਾਨ ਦੀ ਖ਼ਰਾਬ ਧਾਰਣਾ ਅਜਿਹੀ ਹੋਵੇਗੀ ਜਿਸ ਨੂੰ ਥੋੜ੍ਹਾ ਬਹੁਤ ਸਮਝਿਆ ਜਾ ਸਕਦਾ ਹੈ। ਉਸ ਨੇ ਦੱਸਿਆ ਕਿ ਬਾਦਸ਼ਾਹ ਆਮ ਤੌਰ ਤੇ ''ਲੈਣ ਵਾਲੇ ਨੂੰ ਇਹ ਪੁੱਛਦਾ ਸੀ ਕਿ ਉਸ ਨੂੰ ਕਿਹੜਾ ਤੋਹਫ਼ਾ ਪਸੰਦ ਹੈ।'' ਅਜਿਹਾ ਕਰਕੇ ਉਹ ਇਹ ਯਕੀਨੀ ਬਣਾ ਲੈਂਦਾ ਕਿ ਤੋਹਫ਼ਾ ਪਸੰਦ ਕੀਤਾ ਜਾਵੇਗਾ, ਪਰ ਬਾਦਸ਼ਾਹ ਨੇ ਮਾਰਦਕਈ ਤੋਂ ਸਵਾਲ ਪੁੱਛਣ ਦੀ ਬਜਾਇ ਹਾਮਾਨ ਨੂੰ ਪੁੱਛਿਆ। ''ਬੇਸ਼ੱਕ ਬਾਦਸ਼ਾਹ ਨੂੰ ਉਹੀ ਸੁਣਨ ਦੀ ਉਮੀਦ ਸੀ ਜੋ ਕੋਈ ਦਰਬਾਨ ਸਨਮਾਨਤ ਕੀਤੇ ਜਾਣ ਤੇ ਹਾਸਿਲ ਕਰਨਾ ਚਾਹੇਗਾ ਅਤੇ ਇਹ ਮੰਨਣ ਵਿਚ ਕਿ ਉਸ ਦੀ ਤਰੱਕੀ ਹੋਣ ਵਾਲੀ ਹੈ ਹਾਮਾਨ ਵਾਲੀ ਗਲਤੀ ਕੋਈ ਵੀ ਕਰ ਸਕਦਾ ਸੀ।''[3]

**ਆਇਤਾਂ 7-9.** ਜਵਾਬ ਦਿੰਦੇ ਹੋਏ **ਹਾਮਾਨ** ਨੇ ਆਪਣਾ ਰੁਤਬਾ ਵਧਾਏ ਜਾਣ ਦੀ ਕਲਪਨਾ ਕੀਤੀ। ਉਸ ਨੇ ਆਖਿਆ ਕਿ ਅਜਿਹੇ ਸ਼ਖ਼ਸ ਨੂੰ ਬਾਦਸ਼ਾਹ ਦੀ **ਪੁਸ਼ਾਕ** ਪੁਆਈ ਜਾਵੇ। ਉਸ ਨੂੰ ਬਾਦਸ਼ਾਹ ਦੇ **ਘੋੜਾ** ਉੱਤੇ ਬਿਠਾਇਆ ਜਾਵੇ ਅਤੇ **ਸ਼ਹਿਰ ਦੇ ਚੌਕ ਵਿਚ ਫਿਰਾਇਆ ਜਾਵੇ**। ਇਕ ਦਰਬਾਰੀ ਉਹਦੇ ਜੈਕਾਰੇ ਲਾਉਂਦਾ ਅਤੇ ਇਹ ਆਖਦਾ ਹੋਇਆ ਉਹਦੇ ਅੱਗੇ ਅੱਗੇ ਚੱਲੇ: **ਜਿਸ ਮਨੁੱਖ ਨੂੰ ਪਾਤਸ਼ਾਹ ਪਤ ਦੇਣੀ ਚਾਹੁੰਦਾ ਹੈ ਉਹ ਦੇ ਨਾਲ ਏਦਾਂ ਹੀ ਕੀਤਾ ਜਾਵੇਗਾ।** ਉਹਦੇ ਕੰਨਾਂ ਵਿਚ ਨਾਅਰਿਆਂ ਦੀ ਅਵਾਜ਼ ਗੂੰਜਦੀ ਹੋਵੇਗੀ ਅਤੇ ਉਹਦੇ ਮਨ ਵਿਚ ਲਗ ਰਿਹਾ ਹੋਵੇਗਾ ਜਿਵੇਂ ਉਹਨੂੰ ਹੀ ਬਾਦਸ਼ਾਹ ਦੇ ਘੋੜੇ ਉੱਤੇ ਬਿਠਾਇਆ ਜਾਵੇਗਾ!

ਹਾਮਾਨ ਦੇ ਜਵਾਬ ਨੂੰ ਆਪ ਤਖ਼ਤ ਉੱਤੇ ਕਬਜ਼ਾ ਕਰਨ ਦੀ ਉਸ ਦੀ ਇੱਛਾ ਨੂੰ ਜ਼ਾਹਿਰ ਕਰਦੀ ਵਿਆਖਿਆ ਮੰਨਿਆ ਜਾ ਸਕਦਾ ਹੈ।[4] ਅਹਸ਼ਵੇਰੋਸ਼ ਨੇ ਹਾਮਾਨ ਦੀਆਂ ਗੱਲਾਂ ਤੋਂ ਇਹ ਨਿਚੋੜ ਕੱਢ ਲਿਆ ਹੋਵੇਗਾ ਕਿ ਫ਼ਾਰਸ ਦੀ ਗੱਦੀ ਲਈ ਸੰਭਵ ਵਿਰੋਧੀ ਇਹੀ ਹੈ। ਯਕੀਨਨ ਹੀ ਇਤਹਾਸ ਦੇ ਇਸ ਕਾਲ ਵਿਚ ਤਖ਼ਤਾ-ਪਲਟ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਹੋਈਆਂ (2:21-23 ਵਿਚ ਕਤਲ ਦੀ ਸਾਜ਼ਸ਼ ਨੂੰ ਪੜ੍ਹੋ)। ਇਕ ਹੋਰ ਵਿਚਾਰ ਇਹ ਹੈ ਕਿ ''ਹਾਮਾਨ ਇਹ ਪ੍ਰਭਾਵ ਦੇਣਾ ਚਾਹੁੰਦਾ ਸੀ ਕਿ ਅਕਸ਼ਰਕਸ਼ਸ ਨੇ ਉਹਨੂੰ ਆਪਣਾ ਉੱਤਰਾਧਿਕਾਰੀ ਹੋਣ ਲਈ ਚੁਣ ਲਿਆ ਹੈ।''[5] ਫਿਰ ਵੀ, ਕਿਤਾਬ ਹਾਮਾਨ ਦੀ ਬਾਦਸ਼ਾਹ ਬਣਨ ਦੀ ਲਾਲਸਾ ਦਾ ਕੋਈ ਹੋਰ ਸੰਕੇਤ ਨਹੀਂ ਦਿੰਦੀ।

ਆਇਤ 8 ਨਾਲ ਸਬੰਧਿਤ ਇਕ ਸਵਾਲ ਰਹਿ ਜਾਂਦਾ ਹੈ ਕਿ **ਸ਼ਾਹੀ ਪੁਸ਼ਾਕ** ਕੌਣ ਪਾਉਂਦਾ ਸੀ। ਇਬਰਾਨੀ ਲਿਖਤ ਇਸ ਬਾਰੇ ਅਸਪੱਸ਼ਟ ਹੈ। ਇਸ ਬਾਰੇ ਜਾਂ ਤਾਂ ਘੋੜਾ ਹੋ ਸਕਦਾ ਹੈ ਜਾਂ ਸਨਮਾਨਿਤ ਵਿਅਕਤੀ। ਅਡੇਲੇ ਬਰਲਿਨ ਦੀ ਦਲੀਲ ਹੈ ਕਿ ''ਸਭ ਤੋਂ ਵਧੀਆ ਵਿਆਖਿਆ ਇਹ ਹੈ ਕਿ ਬਾਦਸ਼ਾਹ ਦੇ ਘੋੜੇ ਉੱਤੇ ਸਵਾਰ ਹੋਣ ਵੇਲੇ ਉਸਦੇ ਸਿਰ ਤੇ ਤਾਜ ਰੱਖਿਆ ਜਾਂਦਾ ਸੀ, ਜੋ ਇਸ ਗੱਲ ਦਾ ਸੰਕੇਤ ਹੁੰਦਾ ਸੀ ਕਿ ਇਸ ਉੱਤੇ ਸਵਾਰ ਬਾਦਸ਼ਾਹ ਹੀ ਸੀ।''[6] ਪਰਸੀਪੋਲਿਸ ਦੀਆਂ ਨੱਕਾਸ਼ੀਆਂ ਵਿਚ ''ਫ਼ਾਰਸੀ ਘੋੜਿਆਂ ਨੂੰ ਤਾਜ ਪਾਈ'' ਵਿਖਾਇਆ ਗਿਆ ਹੈ।[7]

**ਆਇਤ 10. ਹਾਮਾਨ** ਨੂੰ ਇਸ ਸਚਿਆਈ ਨਾਲ ਧੱਕਾ ਲੱਗਾ, ਜਦ ਅਹਸ਼ਵੇਰੋਸ਼ ਨੇ ਉਸ ਨੂੰ ਆਖਿਆ ਕਿ **ਝੱਟ** ਇਹ ਸਭ **ਮਾਰਦਕਈ ਯਹੂਦੀ** ਲਈ **ਕਰ**। ਬਾਦਸ਼ਾਹ ਨੇ ਹਾਮਾਨ ਨੂੰ ਆਪਣੀ ਕਲਪਨਾ ਕਰਨ ਦਾ ਪੂਰਾ ਹੁਕਮ ਦਿੱਤਾ,ਬਸ ਫ਼ਰਕ ਇਹ ਸੀ ਕਿ ਉਹ ਸਨਮਾਨ ਮਾਰਦਕਈ ਨੂੰ ਦਿੱਤਾ ਜਾਣਾ ਸੀ। ਉਸ ਵਿਅਕਤੀ ਨੂੰ ਜਿਸ ਨੂੰ ਹਾਮਾਨ ਦੁਨੀਆਂ ਦੀ ਹੋਰ ਕਿਸੇ ਵੀ ਚੀਜ਼ ਨਾਲੋਂ ਵੱਧ ਨਫ਼ਰਤ ਕਰਦਾ ਸੀ! ਇਹ ਕਹਿਣਾ ਕਿ ਹਾਮਾਨ ਦੰਗ ਹੋ ਗਿਆ, ਪਰੇਸ਼ਾਨ ਅਤੇ ਗੁੱਸੇ ਨਾਲ ਭਰ ਗਿਆ, ਪੜਦਾ ਪਾਉਣਾ ਹੀ ਹੋਵੇਗਾ।

**ਆਇਤ 11.** ਲੇਖਕ ਨੇ ਅੱਗੇ ਆਖਿਆ ਕਿ **ਹਾਮਾਨ** ਨੇ ਉਵੇਂ ਕੀਤਾ ਜਿਵੇਂ ਬਾਦਸ਼ਾਹ ਨੇ ਉਹਨੂੰ ਕਰਨ ਲਈ ਆਖਿਆ। ਉਸ ਨੇ **ਮਾਰਦਕਈ** ਨੂੰ ਬਾਦਸ਼ਾਹ ਦੇ **ਘੋੜੇ** ਉੱਤੇ ਚੜ੍ਹਾਇਆ ਅਤੇ ਉਹਨੂੰ ਬਾਦਸ਼ਾਹ ਦੀ **ਪੁਸ਼ਾਕ ਪੁਆਈ** ਅਤੇ **ਸ਼ਹਿਰ ਦੇ ਚੌਂਕ** ਵਿੱਚੋਂ ਦੀ ਉਹਦੇ ਅੱਗੇ ਅੱਗੇ ਇਹ ਡੌਂਡੀ ਪਿੱਟਦੇ ਹੋਏ ਪਾਉਂਦੇ ਹੋਏ ਘੁਮਾਇਆ ਕਿ **ਉਸ ਮਨੁੱਖ ਨਾਲ ਇਵੇਂ ਹੀ ਕੀਤਾ ਜਾਵੇਗਾ ਜਿਹ ਨੂੰ ਪਾਤਸ਼ਾਹ ਪਤ ਦੇਣੀ ਚਾਹੁੰਦਾ ਹੈ।** ਕਿੰਨੀ ਅਜੀਬ ਗੱਲ ਹੈ ਕਿ ਹਾਮਾਨ ਨੂੰ ਉਸ ਆਦਮੀ ਨੂੰ ਇੱਜ਼ਤ ਦੇਣ ਲਈ ਮਜਬੂਰ ਕੀਤਾ ਗਿਆ ਜਿਸ ਨੂੰ ਉਹ ਫ਼ਾਂਸੀ ਦੇਣਾ ਚਾਹੁੰਦਾ ਸੀ।

## ਹਾਮਾਨ ਦੀ ਹੇਠੀ (6:12-14)

**12 ਤਾਂ ਮਾਰਦਕਈ ਫਿਰ ਸ਼ਾਹੀ ਫਾਟਕ ਉੱਤੇ ਮੁੜ ਆਇਆ ਪਰ ਹਾਮਾਨ ਛੇਤੀ ਨਾਲ ਰੋਂਦਾ ਹੋਇਆ ਸਿਰ ਕੱਜ ਕੇ ਆਪਣੇ ਘਰ ਨੂੰ ਗਿਆ 13 ਅਤੇ ਹਾਮਾਨ ਨੇ ਆਪਣੀ ਇਸਤ੍ਰੀ ਜ਼ਰਸ਼ ਨੂੰ ਅਤੇ ਆਪਣੇ ਸਾਰੇ ਮਿੱਤਰਾਂ ਨੂੰ ਉਹ ਸਭ ਕੁੱਝ ਜੋ ਉਸ ਦੇ ਨਾਲ ਬੀਤਿਆ ਸੀ ਦੱਸਿਆ ਤਾਂ ਉਸ ਦੇ ਬੁੱਧਵਾਨ ਪੁਰਸ਼ਾਂ ਨੇ ਅਤੇ ਉਸ ਦੀ ਇਸਤ੍ਰੀ ਜ਼ਰਸ਼ ਨੇ ਉਸ ਨੂੰ ਆਖਿਆ, ਜੋ ਮਾਰਦਕਈ ਯਹੂਦੀਆਂ ਦੀ ਨਸਲ ਵਿੱਚੋਂ ਹੈ ਜਿਹਦੇ ਅੱਗੇ ਤੂੰ ਡਿੱਗਣ ਲੱਗਾ ਹੈਂ ਤਾਂ ਤੂੰ ਉਹ ਨੂੰ ਜਿੱਤ ਨਹੀਂ ਸਕਦਾ ਪਰੰਤੂ ਤੂੰ ਉਹ ਦੇ ਅੱਗੇ ਜਰੂਰ ਡਿੱਗੇਂਗਾ 14 ਓਹ ਉਸ ਦੇ ਨਾਲ ਇਹ ਗੱਲਾਂ ਕਰਦੇ ਹੀ ਸਨ ਤਾਂ ਪਾਤਸ਼ਾਹ ਦੇ ਖੁਸਰੇ ਆ ਗਏ ਅਤੇ ਹਾਮਾਨ ਨੂੰ ਉਸ ਪਰਸ਼ਾਦ ਦੇ ਛਕਣ ਲਈ ਜਿਹੜਾ ਅਸਤਰ ਨੇ ਤਿਆਰ ਕੀਤਾ ਸੀ ਛੇਤੀ ਲੈ ਗਏ।**

ਅਧਿਆਇ ਦੀਆਂ ਆਖ਼ਰੀ ਤਿੰਨ ਆਇਤਾਂ ਸ਼ਹਿਰ ਦੇ ਚੌਕ ਵਿੱਚੋਂ ਦੀ ਮਾਰਦਕਈ ਦੀ ਸ਼ਾਹੀ ਸਵਾਰੀ ਦੇ ਨਤੀਜੇ ਦੱਸਦੀਆਂ ਹਨ।

**ਆਇਤ 12.** ਬਾਦਸ਼ਾਹ ਵੱਲੋਂ ਸਨਮਾਨਤ ਕੀਤੇ ਜਾਣ ਦੇ ਆਪਣੇ ਫ਼ਤਹਿਮੰਦ ਪਲ ਨੂੰ ਮਾਣਨ ਤੋਂ ਬਾਅਦ, **ਮਾਰਦਕਈ** ਮਹਿਲ ਦੇ **ਫਾਟਕ** ਦੀ ਆਪਣੀ ਪਹਿਲਾਂ ਵਾਲੀ ਥਾਂ ਤੇ ਚਲਾ ਗਿਆ। ਬੇਇੱਜ਼ਤ ਹੋਇਆ **ਹਾਮਾਨ ਸਿਰ ਕੱਜ ਕੇ ਆਪਣੇ ਘਰ ਨੂੰ ਗਿਆ। ਰੋਂਦਾ ਹੋਇਆ** ਇਸ ਗੱਲ ਦਾ ਸੰਕੇਤ ਸੀ ਕਿ ਉਹ ਬਹਤੁ ਦੁਖੀ ਸੀ (ਵੇਖੋ 2 ਸਮੂਏਲ 15:30; 19:4; ਯਿਰਮਿਯਾਹ 14:3, 4)।

**ਆਇਤ 13.** ਆਪਣੇ ਘਰ ਵਿਚ **ਹਾਮਾਨ ਆਪਣੀ ਇਸਤ੍ਰੀ ਜ਼ਰਸ਼ ਨੂੰ ਅਤੇ ਆਪਣੇ ਸਾਰੇ ਮਿੱਤਰਾਂ ਨੂੰ** ਮਿਲਿਆ, ਜਿਵੇਂ ਉਹ ਇਕ ਦਿਨ ਪਹਿਲਾਂ ਮਿਲਿਆ ਸੀ। ਫਿਰ, ਉਸ ਨੇ ਉਨ੍ਹਾਂ ਨਾਲ ਆਪਣੇ ਜਜ਼ਬਾਤ ਸਾਂਝੇ ਕੀਤੇ। ਪਰ ਇਸ ਵਾਰੀ ਉਨ੍ਹਾਂ ਨੂੰ ਦੁਹਰਾਉਣ ਲਈ ''ਆਪਣੀ ਅਮੀਰੀ ਦਾ ਠਾਠ ਬਾਠ'' ਅਤੇ ਆਪਣੀਆਂ ਪ੍ਰਾਪਤੀਆਂ ਦੱਸਣ ਦੀ ਬਜਾਇ (5:11), ਉਸ ਨੇ **ਉਹ ਸਭ ਕੁੱਝ ਜੋ ਉਸ ਦੇ ਨਾਲ ਬੀਤਿਆ ਸੀ ਦੱਸਿਆ।** ਉਸਨੇ ਉਨ੍ਹਾਂ ਨੂੰ ਦੱਸਿਆ ਕਿ ਕਿਵੇਂ ਬਾਦਸ਼ਾਹ ਨੇ ਉਸ ਤੋਂ ਨਾਪਸੰਦ ਮਾਰਦਕਈ ਦਾ ਸਤਿਕਾਰ ਕਰਵਾਇਆ। ਸੰਭਵ ਤੌਰ ਤੇ ਉਸ ਨੂੰ ਆਪਣੇ ਮਿੱਤਰਾਂ ਅਤੇ ਆਪਣੀ ਪਤਨੀ ਤੋਂ ਦਿਲਾਸਾ ਮਿਲਣ ਦੀ ਉਮੀਦ ਸੀ। ਜੇ ਉਹਨੂੰ ਇਹ ਲਗਦਾ ਸੀ ਤਾਂ ਉਸ ਨੂੰ ਨਿਰਾਸ਼ਾ ਹੋਈ। ਇਹਦੇ ਉਲਟ **ਉਸ ਦੀ ਇੱਸਤ੍ਰੀ** ਅਤੇ **ਉਸਦੇ ਬੁੱਧਵਾਨ ਪੁਰਸ਼ਾ** ਨੇ **ਆਖਿਆ, ਜੋ ਮਾਰਦਕਈ ਯਹੂਦੀਆਂ ਦੀ ਨਸਲ ਵਿੱਚੋਂ ਹੈ** *[ਯਹੂਦੀਆਂ ਦੀ ਅੰਸ਼ ਵਿੱਚੋਂ]* ... **ਤਾਂ ਤੂੰ ਉਹ ਨੂੰ ਜਿੱਤ ਨਹੀਂ ਸਕਦਾ ਪਰੰਤੂ ਤੂੰ ਉਹ ਦੇ ਅੱਗੇ ਜਰੂਰ ਡਿੱਗੇਂਗਾ।**

ਭਲਾ ਪਿਲਾਤੁਸ ਦੀ ਪਤਨੀ ਦੀ ਗੱਲ ਵਾਂਗ ਜ਼ਰਸ਼ ਦੀ ਗੱਲ (ਮੱਤੀ 27:19), ਕੁਝ ਕੁਝ ਨਬੂਵਤ ਸੀ? ਉਹ ਉਹ ਹੁਕਮ ਤੋਂ ਜਿਹੜਾ ਸਾਲ ਦੇ ਅਖ਼ੀਰ ਵਿਚ ਲਾਗੂ ਹੋਣ ਵਾਲਾ ਸੀ, ''ਸੁਣਨ ਵਾਲਿਆਂ ਨੂੰ ਹੋਣ ਵਾਲੀਆਂ ਗੱਲਾਂ ਲਈ ਤਿਆਰ ਕਰਦੇ ਹੋਏ ਯਹੂਦੀਆਂ ਦੇ ਛੁਟਕਾਰੇ ਦੀ ਗੱਲ ਕਰ ਰਹੀ ਹੈ''?[8]

ਪਾਠ ਵਿਚ ''ਬੁੱਧਵਾਨ ਪੁਰਸ਼ਾਂ'' (*chakam*, *ਚਾਕਾਮ*) ਦਾ ਜ਼ਿਕਰ ਕਿਉਂ ਹੈ? ਪੱਕਾ ਇਹ ਉਹੀ ਲੋਕ ਹੋਣਗੇ ਜਿਨ੍ਹਾਂ ਨੂੰ 5:10, 14 ਅਤੇ 6:13 ਵਿਚ ''ਉਸਦੇ ਮਿੱਤਰਾ'' ਅਤੇ ''ਆਪਣੇ ਸਾਰੇ ਮਿੱਤਰਾਂ'' ਆਖਿਆ ਗਿਆ ਹੈ (ਜਾਂ ਘੱਟੋ–ਘੱਟ ਉਹਦੇ ਦੋਸਤਾਂ ਵਿੱਚੋਂ ਸਨ)। ਸ਼ਾਇਦ ਹਾਮਾਨ ਦੇ ''ਸਾਰੇ ਮਿੱਤਰ'' ਆਦਮੀਆਂ ਦੀ ਇਕ ਛੋਟੀ ਟੋਲੀ ਸੀ ਜਿਨ੍ਹਾਂ ਨੂੰ ਉਸ ਦੇ ਸਲਾਹਕਾਰ ਜਾਂ ਵਕੀਲ ਮੰਨਿਆ ਗਿਆ ਸੀ।

ਜਦ ਬੋਲਣ ਵਾਲਿਆਂ ਨੇ ਆਖਿਆ, ''ਜੇ ਮਾਰਦਕਈ ਯਹੂਦੀਆਂ ... ਵਿੱਚੋਂ ਹੈ'' ਤਾਂ ਲਗਦਾ ਨਹੀਂ ਹੈ ਕਿ ਉਨ੍ਹਾਂ ਨੂੰ ਉਹਦੀ ਵੰਸ਼ਾਵਲੀ ਬਾਰੇ ਕੋਈ ਸ਼ੱਕ ਸੀ। ''ਜੇ'' ਦਾ ਮਤਲਬ ਅਨਿਸ਼ਚਿਤਤਾ ਨਹੀਂ ਲਿਆ ਜਾਣਾ ਚਾਹੀਦਾ। ਬਲਕਿ ਇਹ ਕਿਸੇ ਤੱਥ ਨੂੰ ਜਤਾਉਣ ਦਾ ਤਰੀਕਾ ਹੈ। ਇਸ ਦਾ ਅਰਥ ਇਹ ਸੀ ਕਿ ''ਮਾਰਦਕਈ ਯਹੂਦੀ ਹੈ, ਇਸ ਕਰਕੇ ਤੂੰ ਉਹਦੇ ਅੱਗੇ ਟਿਕ ਨਹੀਂ ਸਕੇਂਗਾ।'' ਫ਼ਾਰਸੀਆਂ ਦੇ ਮੂਹੋਂ ਨਿੱਕਲੇ ਕਈ ਸ਼ਬਦ ਭਾਵੇਂ ਅਜੀਬ ਲਗ ਸਕਦੇ ਹਨ, ਪਰ ਇਹ ਕਿਤਾਬ ਦੇ ਵੱਡੇ ਵਿਸ਼ੇ ਦਾ ਸੁਝਾਅ ਦਿੰਦੇ ਹਨ ਕਿ ਯਹੂਦੀਆਂ ਨੂੰ ਹਰਾਇਆ ਨਹੀਂ ਜਾ ਸਕਦਾ। ਉਨ੍ਹਾਂ ਨੂੰ ਖ਼ਤਮ ਕਰਨ ਦੀਆਂ ਆਦਮੀ ਦੀਆਂ ਵਧੀਆ ਤੋਂ ਵਧੀਆ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਅੱਗੇ ਕੁਝ ਅਤੇ ਕਿਸੇ ਨੇ ਟਿਕ ਨਹੀਂ ਸਕਣਾ ਸੀ! ਹਾਮਾਨ ਦੇ ਹੁਕਮ ਦੇ ਪ੍ਰਕਾਸ਼ਿਤ ਹੋ ਜਾਣ ਦੇ ਬਾਅਦ, ਯਹੂਦੀਆਂ ਦੀ ਗੱਲ ਹਰ ਕਿਸੇ ਦੇ ਦਿਮਾਗ ਵਿਚ ਹੋਵੇਗੀ। ਲੇਖਕ ਨੇ ਆਪਣੀ ਗੱਲ ਕਹਿਣ ਲਈ ਹਾਮਾਨ ਦੇ ਸਾਥੀਆਂ ਵੱਲੋਂ ਕੱਢੇ ਗਏ ਨਿਚੋੜ ਨੂੰ ਲਿਖਿਆ ਕਿ ਯਹੂਦੀਆਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨਾ ਆਤਮਘਾਤ ਕਰਨਾ ਹੀ ਸੀ।

ਇਸ ਨਿਚੋੜ ਦੀ ਅਨੋਖੀ ਗੱਲ ਇਹ ਹੈ ਕਿ ''ਬੁੱਧਵਾਨ ਪੁਰਸ਼ਾਂ'' ਨੇ ਯਹੂਦੀਆਂ ਦੇ ਅਜਿੱਤ ਹੋਣ ਵਿਚ ਆਪਣੇ ਵਿਸ਼ਵਾਸ ਨੂੰ ਪਹਿਲਾਂ ਨਹੀਂ ਦੱਸਿਆ। ਇਸ ਦੇ ਉਲਟ ਉਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਹਾਮਾਨ ਮਾਰਦਕਈ ਨੂੰ ਫ਼ਾਂਸੀ ਦੇ ਦਵੇ। ਉਨ੍ਹਾਂ ਦੇ ਮਨ ਦੇ ਬਦਲਣ ਦਾ ਕਾਰਣ ਹਾਲਾਤ ਦਾ ਬਦਲਣਾ ਹੋ ਸਕਦਾ ਹੈ। ਪਹਿਲਾਂ ਲਗਦਾ ਸੀ ਕਿ ਹਾਮਾਨ ਸ਼ਕਤੀਸ਼ਾਲੀ ਹੈ ਅਤੇ ਮਾਰਦਕਈ ਕਮਜ਼ੋਰ। ਹੁਣ

ਇਹ ਲਗਦਾ ਸੀ ਕਿ ਮਾਰਦਕਈ ਸ਼ਕਤੀਸ਼ਾਲੀ ਹੈ ਅਤੇ ਹਾਮਾਨ ਉਹਦੇ ਰਹਿਮੋ ਕਰਮ ਤੇ ਹੈ। ਇਨ੍ਹਾਂ ਬੰਦਿਆਂ ਨੇ ਭਵਿੱਖ ਦੇ ਇਸ ਬਦਲਾਅ ਵਿਚ ਹਾਮਾਨ ਦੀ ਬੁਰੀ ਤਰ੍ਹਾਂ ਨਾਲ ਹਾਰ ਦਾ ਸਾਫ਼ ਸੰਕੇਤ ਵੇਖਿਆ, ਜੋ ''ਉਸ ਦੀ ਹੋਰ ਨਾਕਾਮੀ ਦੀ ਝਲਕ'' ਸੀ।[9]

ਇਸ ਘਟਨਾ ਨਾਲ ਇਕ ਵਧੀਆ ਉਦਾਹਰਣ ਮਿਲ ਸਕਦੀ ਹੈ ਕਿ ਪ੍ਰਾਚੀਨ ਫ਼ਾਰਸ ਵਿਚ ''ਬੁੱਧਵਾਨ ਪੁਰਸ਼'' ਕਿਵੇਂ ਕੰਮ ਕਰਦੇ ਸਨ। ਉਹ ਸਮਿਆਂ ਦੇ ''ਨਿਸ਼ਾਨਾਂ'' ਦਾ ਅਰਥ ਕੱਢਦੇ ਸਨ। ਜੋ ਕੁਝ ਵੀ ਹੋਇਆ ਉਹ ਓਸੇ ਤੋਂ ਇਹ ਨਿਚੋੜ ਕੱਢਦੇ ਸਨ ਕਿ ਅੱਗੇ ਕੀ ਹੋਵੇਗਾ।

ਇਸ ਵਾਰੀ ਹਾਮਾਨ ਪਹਿਲਾਂ ਹੀ **ਡਿੱਗਣ ਲੱਗਾ** ਸੀ। ਲਿੰਡਾ ਡੇ ਨੇ ''ਡਿੱਗਣ ਦੇ ਕੰਮ'' ਨੂੰ ''ਪੂਰੀ ਕਹਾਣੀ ਵਿਚ ਹਾਮਾਨ ਨਾਲ ਜੁੜਿਆ ਅਤੇ ਇਬਰਾਨੀ ਕਿਰਿਆ *[napal, ਨਾਪਾਲ]*, 'ਡਿੱਗਣਾ' ਉਸ ਦੀਆਂ ਸਾਰੀਆਂ ਪੀੜ੍ਹੀਆਂ ਨੂੰ ਜੋੜਦਾ ਹੈ'' ਦੇ ਰੂਪ ਵਿਚ ਵੇਖਿਆ। ਗੁਣਾ ਯਹੂਦੀਆਂ ਦੀ ਬਰਬਾਦੀ ਦੀ ਤਰੀਕ ਤੈਅ ਕਰ ਲਈ ''ਡਿੱਗਿਆ'' (3:7; NIV)। ਬਾਦਸ਼ਾਹ ਨੇ ਹਾਮਾਨ ਨੂੰ ਕਿਹਾ ਕਿ ਉਸ ਵਿਚ ਜੋ ਉਸ ਨੇ ਆਖਿਆ ਸੀ, ਮਾਰਦਕਈ ਦਾ ਸਤਕਾਰ ਕਰਨ ਵਿਚ ਕੋਈ ''ਗੱਲ ਰਹਿ'' ਨਾ ਜਾਵੇ (6:10)। ਹਾਮਾਨ ਦੀ ਪਤਨੀ ਅਤੇ ਮਿੱਤਰਾਂ ਨੇ ਆਖਿਆ ਕਿ ਉਹ ਪਹਿਲਾਂ ਹੀ ''ਡਿੱਗਣ ਲੱਗਾ'' ਸੀ ਅਤੇ ਉਸ ਨੇ ਮਾਰਦਕਈ ਦੇ ਸਾਹਮਣੇ ''ਜ਼ਰੂਰ ਡਿੱਗਣਾ'' ਸੀ (6:13)। ਅਖ਼ੀਰ ਵਿਚ, ਹਾਮਾਨ ਓਸੇ ਪਲੰਘ ਉੱਤੇ ''ਡਿੱਗ ਪਿਆ'' ਸੀ, ਜਿਸ ਉੱਤੇ ਅਸਤਰ ਪਈ ਹੋਈ ਸੀ (7:8)।[10] ਇਸ ਆਖ਼ਰੀ ਕੰਮ ਨੇ ਉਸ ਦੇ ਅੰਤ ਉੱਤੇ ਮੋਹਰ ਕਰ ਦਿੱਤੀ।

**ਆਇਤ 14.** ਕਹਾਣੀ ਇਹ ਐਲਾਨ ਕਰਨ ਨਾਲ ਕਿ ਓਸੇ ਵੇਲੇ **ਹਾਮਾਨ ਨੂੰ** ਅਸਤਰ **ਦਾ ਪਰਸ਼ਾਦ ਛਕਣ** ਲਈ ਲਿਜਾਣ ਵਾਸਤੇ **ਪਾਤਸ਼ਾਹ ਦੇ ਖੁਸਰੇ ਆ ਗਏ** ਅੱਗੇ ਵੱਸਦੀ ਹੈ। ਅਸਲ ਵਿਚ ਉਹ ਹਾਮਾਨ ਨੂੰ ਦਾਅਵਤ ਉੱਤੇ **ਛੇਤੀ ਲੈ ਗਏ**। ''ਅਨੰਦ ਨਾਲ ਪਾਤਸ਼ਾਹ ਦੇ ਸੰਗ ਪਰਸ਼ਾਦ ਛਕਣ ਨੂੰ'' ਜਾਣ ਦੀ ਬਜਾਇ (5:14), ਲਗਦਾ ਹੈ ਕਿ ਹਾਮਾਨ ਨੂੰ ਮੌਤ ਦੀ ਸਜ਼ਾ ਦੇਣ ਵਾਸਤੇ ਦੋਸ਼ੀ ਠਹਿਰਾਏ ਗਏ ਆਦਮੀ ਦੇ ਲਿਜਾਏ ਜਾਣ ਵਾਂਗ ਜ਼ਬਰਦਸਤੀ ਛੇਤੀ ਛੇਤੀ ਲਿਜਾਇਆ ਗਿਆ। ਵਿਰਤਾਂਤ ਦੀ ਸੁਰ ਵਿਚ ਅਗਲੇ ਅਧਿਆਇ ਵਿਚ ਹਾਮਾਨ ਦੀ ਪੱਕੀ ਹਾਰ ਅਤੇ ਮੌਤ ਦੀ ਝਲਕ ਮਿਲਦੀ ਹੈ। ਮਾਈਕਲ ਵੀ. ਫ਼ੌਕਸ ਨੇ ਹਾਮਾਨ ਨੂੰ ਅਸਤਰ ਦੇ ਕਾਬੂ ਵਿਚ ਡਿਗਦਿਆਂ ਵੇਖਿਆ:

> ਆਖ਼ਰੀ ਕਦਮ ਦੀ ਕਾਰਜਸ਼ੀਲਤਾ ਕਿ ਖੁਸਰੇ ''ਹਾਮਾਨ ਨੂੰ ਉਹ ਪਰਸ਼ਾਦ ਛਕਣ ਲਈ ਜਿਹੜਾ ਅਸਤਰ ਨੇ ਤਿਆਰ ਕੀਤਾ ਸੀ ਛੇਤੀ ਲੈ ਗਏ'' ਮਹੱਤਵਪੂਰਣ ਹੈ। ਬਾਦਸ਼ਾਹ ਦੀ ਇੱਛਾ ਵਿਚ ਚਲਾਕੀ ਕਰਨ ਵਿਚ ਮਾਹਿਰ ਹਾਮਾਨ ਅਤੇ (ਉਸ ਨੂੰ ਉਮੀਦ ਹੈ) ਲੋਕਾਂ ਦੀ ਹੁਣ ਆਪਣੀ ਜ਼ਿੰਦਗੀ ਦੇ ਹੱਥ ਵਿਚ ਨਹੀਂ ਹੈ। ਉਸ ਨੂੰ ਇਕ ਅਜਿਹੇ ਮਾਹੌਲ ਵਿਚ ਕੱਢਿਆ ਅਤੇ ਲਿਜਾਇਆ ਜਾਂਦਾ ਹੈ ਜਿਹੜਾ ਅਸਤਰ ਨੇ ਤਿਆਰ ਕੀਤਾ ਹੈ। ਉਸ ਨੂੰ ਉਸਦੇ ਇਲਾਕੇ ਵਿਚ ਲਿਆਂਦਾ ਗਿਆ ਹੈ ਅਤੇ ਹੁਣ ਪਹਿਲ ਕਰਨਾ ਉਹਦੇ ਹੱਥ ਵਿਚ ਹੈ।[11]

## ਪ੍ਰਾਸੰਗਿਕਤਾ

### ਜੋ ਕੁਝ ਸਾਡੇ ਲਈ ਕੀਤਾ ਗਿਆ ਹੈ ਉਸ ਨੂੰ ਭੁਲਾ ਦੇਣਾ (6:1-3)

ਭਾਵੇਂ ਬਾਦਸ਼ਾਹ ਨੇ ਆਪਣੀ ਜਾਨ ਬਚਾਉਣ ਵਿਚ ਮਾਰਦਕਈ ਦੀ ਭੂਮਿਕਾ ਬਾਰੇ ਸੁਣਿਆ (2:21–23), ਪਰ ਜ਼ਾਹਿਰ ਤੌਰ ਤੇ ਉਸ ਨੇ ਇਸ ਨੂੰ ਭੁਲਾ ਦਿੱਤਾ। ਜਿਸ ਕਰਕੇ ਤਾਰੀਫ਼ ਅਤੇ ਸਨਮਾਨ ਦੇ ਇਨਾਮ ਦੇ ਹੱਕਦਾਰ ਨੂੰ ਇਹ ਮਿਲਿਆ ਨਹੀਂ ਸੀ।

ਬਾਦਸ਼ਾਹ ਦੀ ਭੁੱਲਕੜਤਾ ਕਰਕੇ ਅਸੀਂ ਉਹ ਨੂੰ ਗਲਤ ਆਖ ਸਕਦੇ ਹਾਂ, ਪਰ ਸਾਨੂੰ ਆਪਣੇ ਆਪ ਤੋਂ ਪੁੱਛਣ ਦੀ ਲੋੜ ਹੈ ਕਿ ਭਲਾ ਅਸੀਂ ਵੀ ਕਦੇ ਇਵੇਂ ਹੀ ਕੀਤਾ ਹੈ। ਭਲਾ ਦੂਜਿਆਂ ਨੇ

(ਉਦਾਹਰਣ ਲਈ, ਸਾਡੇ ਪਰਿਵਾਰ, ਕਲੀਸੀਆ, ਸਕੂਲ ਜਾਂ ਗੁਆਂਢ ਦੇ ਲੋਕਾਂ) ਨੇ ਸਾਡੇ ਨਾਲ ਕੋਈ ਭਲਿਆਈ ਕੀਤੀ ਹੈ ਜਿਹਦੇ ਲਈ ਅਸੀਂ ਉਨ੍ਹਾਂ ਨੂੰ ਧੰਨਵਾਦ ਨਾ ਆਖਿਆ ਹੋਵੇ। ਇਹ ਹੋ ਸਕਦਾ ਹੈ ਕਿ ਬਾਦਸ਼ਾਹ ਦੇ ਵਾਂਗ, ਸਾਡੀ ਜਾਨ ਕਿਸੇ ਹੋਰ ਨੇ (ਕਿਸੇ ਹੋਰ ਅਰਥ ਵਿਚ) ਬਚਾਈ ਹੋਵੇ, ਪਰ ਆਪਣੇ ਹਿੱਤਕਾਰੀਆਂ ਨੂੰ ਆਪਣੀ ਸ਼ੁਕਰਗੁਜ਼ਾਰੀ ਜ਼ਾਹਿਰ ਕਰਨ ਲਈ ਕਦੇ ਕੁਝ ਨਹੀਂ ਕੀਤਾ। ਮਸੀਹੀ ਲੋਕਾਂ ਨੂੰ ਸ਼ੁਕਰਗੁਜ਼ਾਰੀ ਕਰਨ ਵਾਲੇ ਲੋਕ ਹੋਣਾ ਚਾਹੀਦਾ ਹੈ।

ਸਭ ਤੋਂ ਵਧ ਕੇ, ਸਾਨੂੰ ਉਹ ਸਭ ਯਾਦ ਰੱਖਣਾ ਚਾਹੀਦਾ ਹੈ ਜੋ ਖ਼ੁਦਾ ਨੇ ਸਾਡੇ ਲਈ ਕੀਤਾ ਹੈ। ਇਸਰਾਏਲੀ ਬਾਰ–ਬਾਰ ਬੇਦੀਨ ਹੋ ਜਾਂਦੇ ਸਨ ਕਿਉਂ ਜੋ ਉਹ ਭੁੱਲ ਜਾਂਦੇ ਸਨ ਕਿ ਖ਼ੁਦਾ ਨੇ ਕਿਰਪਾ ਨਾਲ ਉਨ੍ਹਾਂ ਨੂੰ ਗੁਲਾਮੀ ਵਿੱਚੋਂ ਕੱਢਿਆ ਸੀ। ਸ਼ਾਇਦ ਅੱਜ ਮਸੀਹੀ ਲੋਕਾਂ ਦੇ ਖ਼ੁਦਾ ਤੋਂ ਡਿੱਗ ਜਾਣ ਦਾ ਵੱਡਾ ਕਾਰਣ ਇਹ ਹੈ ਕਿ ਉਹ ਭੁੱਲ ਜਾਂਦੇ ਹਨ ਕਿ ਖ਼ੁਦਾ ਨੇ, ਆਪਣੀ ਕਿਰਪਾ ਨਾਲ ਉਨ੍ਹਾਂ ਨੂੰ ਪਾਪ ਦੀ ਗੁਲਾਮੀ ਵਿੱਚੋਂ ਕੱਢਿਆ ਹੈ (ਰੋਮੀਆਂ 6:17, 18)।

ਸਾਨੂੰ ਕੁਝ ਗੱਲਾਂ ਭੁੱਲ ਜਾਣੀਆਂ ਚਾਹੀਦੀਆਂ ਹਨ (ਫ਼ਿਲਿੱਪਿਆਂ 3:13, 14), ਪਰ ਦੂਜਿਆਂ ਵੱਲੋਂ ਕੀਤੀ ਸਾਡੀ ਭਲਿਆਈ ਨੂੰ ਕਦੇ ਵੀ ਨਹੀਂ ਭੁੱਲਣਾ ਚਾਹੀਦਾ। ਖ਼ਾਸ ਕਰਕੇ ਹਮੇਸ਼ਾ ਯਾਦ ਰੱਖੀਏ ਕਿ ਖ਼ੁਦਾ ਨੇ ਆਪਣੇ ਪੁੱਤਰ ਯਿਸੂ ਮਸੀਹ ਦੀ ਮੌਤ ਦੇ ਕਾਰਣ ਸਾਡੇ ਪਾਪ ਮਾਫ਼ ਕੀਤੇ ਹਨ (ਇਬਰਾਨੀਆਂ 10:17)।

**ਸ਼ੋਹਰਤ ਦਾ ਆਰਜ਼ੀ ਹੋਣਾ** (6:7-9, 12)

ਮਸ਼ਹੂਰੀ ਪਾਉਣ ਦੀ ਹਾਮਾਨ ਦੀ ਪੂਰੀ ਨਾ ਹੋਈ ਇੱਛਾ ਅਤੇ ਪਤ ਮਿਲਣ ਤੇ ਮਾਰਦਕਈ ਦੀ ਪ੍ਰਤੀਕਿਰਿਆ ਵਿਚ ਫ਼ਰਕ ਤੋਂ ਸ਼ੋਹਰਤ ਦੇ ਆਰਜ਼ੀ ਹੋਣ ਅਤੇ ਆਦਮੀ ਦੇ ਇਸ ਨੂੰ ਜ਼ਿੰਦਗੀ ਦਾ ਮੁੱਖ ਉਦੇਸ਼ ਬਣਾ ਲੈਣ ਦੀ ਮੂਰਖਤਾ ਦਾ ਸੁਝਾਅ ਮਿਲਦਾ ਹੈ। ਦੂਜਿਆਂ ਨੂੰ ਝੁਕਾਉਣ ਅਤੇ ਉਨ੍ਹਾਂ ਦੀ ਮੰਜ਼ੂਰੀ ਲੈਣ ਦੀ ਹਾਮਾਨ ਦੀ ਇੱਛਾ ਬਚਕਾਨਾ ਸੀ। ਅਖ਼ੀਰ ਇਸ ਨੇ ਉਸ ਨੂੰ ਮਰਵਾ ਦਿੱਤਾ; ਕਿਉਂ ਜੋ ਉਸਨੇ ਇਸੇ ਵਿਅਕਤੀ ਮਾਰਦਕਈ ਦੇ ਲੋਕਾਂ ਨੂੰ ਖ਼ਤਮ ਕਰਨ ਦੀ ਸਾਜ਼ਸ਼ ਰਚੀ ਜਿਸ ਨੇ ਉਸ ਦੀ ਸ਼ਕਤੀ ਨੂੰ ਨਹੀਂ ਮੰਨਿਆ। ਦੂਜੇ ਪਾਸੇ, ਮਾਰਦਕਈ ਨੇ ਹਲੀਮੀ ਨਾਲ ਪਰਕਾਸ਼ਬਿੰਦੂ ਦੇ ਆਪਣੇ ਪਲ ਨੂੰ ਹਲੀਮੀ ਨਾਲ ਕਬੂਲ ਕੀਤਾ। ਜਦ ਇਹ ਮੁੱਕ ਗਿਆ ਤਾਂ ਉਹ ਉਹੀ ਕਰਨ ਲਈ ਜੋ ਉਹ ਪਹਿਲਾਂ ਕਰਦਾ ਹੁੰਦਾ ਸੀ ਵਾਪਸ ਚਲਿਆ ਗਿਆ, ਜੋ ਨਾ ਬਹੁਤਾ ਵਧੀਆ ਸੀ ਅਤੇ ਨਾ ਬਹੁਤਾ ਮਾੜਾ।

ਬਹੁਤ ਸਾਰੇ ਲੋਕ ਮਸ਼ਹੂਰੀ, ਇੱਜ਼ਤ, ਅਤੇ ਸ਼ੋਹਰਤ ਦੇ ਦੇਵਤਿਆਂ ਦੀ ਪੂਜਾ ਕਰਦੇ ਹਨ। ਅਖ਼ੀਰ ਵਿਚ ਇਹ ਮੂਰਤੀਆਂ ਸਿਰਫ਼ ਨਿਰਾਸ਼ਾ ਹੀ ਦੇ ਸਕਦੀਆਂ ਹਨ। ਭਾਵੇਂ ਕੋਈ ਕਿੰਨਾਂ ਵੀ ਮਸ਼ਹੂਰ ਕਿਉਂ ਨਾ ਹੋ ਜਾਵੇ, ਜੇ ਸ਼ੋਹਰਤ ਉਹਦਾ ਰੱਬ ਹੈ, ਤਾਂ ਉਹ ਐਨਾ ਮਸ਼ਹੂਰ ਨਹੀਂ ਹੈ। ਨਾਲੇ, ਸ਼ੋਹਰਤ ਆਰਜ਼ੀ ਹੈ। ਬਹੁਤ ਸਾਰੇ ਲੋਕਾਂ ਪਰਕਾਸ਼ਬਿੰਦੂ ਵਿਚ ਥੋੜ੍ਹੀ ਦੇਰ ਰਹੇ ਹਨ ਪਰ ਛੇਤੀ ਹੀ ਭੀੜ ਵੱਲੋਂ ਭੁਲਾ ਦਿੱਤੇ ਗਏ। ਉਹਦੇ ਬਾਅਦ ਉਹ ਕੀ ਕਰਦੇ ਹਨ: ਉਹ ਨਿਰਾਸ਼ਾ ਵਿਚ ਰਹਿਣਾ, ਪੁਰਾਣੀਆਂ ਯਾਦਾਂ ਦੇ ਸਹਾਰੇ ਜ਼ਿੰਦਗੀ ਕੱਟਣਾ, ਆਪਣੀ ਉਹੀ ਸ਼ੋਹਰਤ ਹਾਸਿਲ ਕਰਨ ਦੀ ਇੱਛਾ ਕਰਨਾ?

ਜੇ ਸਾਨੂੰ ਥੋੜ੍ਹੀ ਦੇਰ ਦੀ ਸ਼ੋਹਰਤ ਮਿਲ ਜਾਵੇ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ? ਸ਼ਾਇਦ ਸਾਨੂੰ ਮਾਰਦਕਈ ਦੀ ਨਕਲ ਕਰਨੀ ਚਾਹੀਦੀ ਹੈ। ਸਾਨੂੰ ਆਪਣੀ ਮਸ਼ਹੂਰੀ ਦੀ ਪਰਵਾਹ ਨਹੀਂ ਕਰਨੀ ਚਾਹੀਦੀ, ਬਲਕਿ ਉਸ ਕੰਮ ਨੂੰ ਕਰਨ ਲਈ ਵਾਪਸ ਚਲੇ ਜਾਣਾ ਚਾਹੀਦਾ ਹੈ ਜਿਹੜਾ ਖ਼ੁਦਾ ਨੇ ਸਾਨੂੰ ਕਰਨ ਲਈ ਸੱਦਿਆ ਹੈ। ਸਾਨੂੰ ਆਦਮੀ ਦੇ ਨਹੀਂ ਬਲਕਿ ਖ਼ੁਦਾ ਦੇ ਸਵਾਗਤ ਨੂੰ ਮੰਨਣ ਉੱਤੇ ਧਿਆਨ ਲਾਉਣਾ ਚਾਹੀਦਾ ਹੈ।

**ਯਹੂਦੀਆਂ ਦਾ ਅਜਿੱਤ ਹੋਣਾ** (6:13)

6:13 ਵਿਚ ਮਾਰਦਕਈ ਦੇ ਯਹੂਦੀ ਨਸਲ ਵਿੱਚੋਂ ਹੋਣ ਦੀ ਗੱਲ ਅਸਤਰ ਦੀ ਕਿਤਾਬ ਦੇ ਵਿਸ਼ੇ ਨੂੰ ਵਿਖਾਉਂਦੀ ਹੈ ਕਿ ਯਹੂਦੀ ਲੋਕ ਅਜਿੱਤ ਸਨ। ਅਸਲ ਵਿਚ ਇਹ ਵਿਚਾਰ ਕਿਤਾਬ ਦਾ ਮੁੱਖ ਵਿਸ਼ਾ ਹੋ ਸਕਦਾ ਹੈ। ਅਸਤਰ ਦੀ ਕਿਤਾਬ ਦੱਸਦੀ ਹੈ ਕਿ ਖ਼ੁਦਾ ਨੇ ਯਹੂਦੀਆਂ ਨੂੰ ਬਰਬਾਦੀ ਤੋਂ ਕਿਵੇਂ ਬਚਾਇਆ, ਪਰ ਇਹ ਇਸ ਸਚਿਆਈ ਨੂੰ ਵੀ ਵਿਖਾਉਂਦੀ ਹੈ ਕਿ ਖ਼ੁਦਾ ਨੇ ਆਪਣੇ ਲੋਕਾਂ ਨੂੰ ਖ਼ਤਮ ਨਹੀਂ ਹੋਣ ਦੇਣਾ ਸੀ। ਖ਼ੁਦਾ ਉਨ੍ਹਾਂ ਵੱਲ ਸੀ ਅਤੇ ਇਸ ਕਰਕੇ ਉਹ ਅਜਿੱਤ ਸਨ! ਉਨ੍ਹਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨਾ, ਜਿਵੇਂ ਹਾਮਾਨ ਨੇ ਕੀਤੀ, ਹਾਰ ਨੂੰ ਸੱਦਾ ਦੇਣਾ ਸੀ।

ਅੱਜ ਮਸੀਹੀ ਲੋਕਾਂ ਨੂੰ ਇਸ ਤੱਥ ਦੀ ਤਾਰੀਫ਼ ਕਰਨੀ ਚਾਹੀਦੀ ਹੈ ਕਿ ਖ਼ੁਦਾ ਨੇ ਆਪਣੀ ਪਰਜਾ ਇਸਰਾਏਲ ਨੂੰ ਨਾ ਸਿਰਫ਼ ਅਸਤਰ ਦੇ ਸਮੇਂ ਵਿਚ ਬਲਕਿ ਪੁਰਾਣੇ ਨੇਮ ਦੇ ਪੂਰੇ ਯੁੱਗ ਵਿਚ ਬਚਾਇਆ। ਉਨ੍ਹਾਂ ਦੇ ਰਾਹੀਂ ਮਸੀਹਾ, ਭਾਵ ਯਿਸੂ ਮਸੀਹ ਸੰਸਾਰ ਵਿਚ ਆਇਆ, ਬਿਲਕੁਲ ਉਵੇਂ ਜਿਵੇਂ ਖ਼ੁਦਾ ਦੀ ਯੋਜਨਾ ਸੀ। ਇਸਰਾਏਲ ਦਾ ਅਜਿੱਤ ਹੋਣਾ ਸਾਡੀ ਮੁਕਤੀ ਦਾ ਕਾਰਣ ਬਣਿਆ।

ਅਸੀਂ ਹੋਰ ਵੀ ਵੱਧ ਸ਼ੁਕਰਗੁਜ਼ਾਰ ਹੋ ਸਕਦੇ ਹਾਂ ਕਿ ਖ਼ੁਦਾ ਆਪਣੀ ਪਰਜਾ, ਕਲੀਸੀਆ ਦੀ ਰਖਵਾਲੀ ਅੱਜ ਵੀ ਕਰਦਾ ਹੈ। ਉਹ ਸਾਨੂੰ ਸਤਾਏ ਜਾਣ ਤੋਂ ਦੂਰ ਨਹੀਂ ਰੱਖਦਾ। ਕਈ ਵਾਰ ਸਾਨੂੰ ਇਹ ਲਗ ਸਕਦਾ ਹੈ ਕਿ ਕਲੀਸੀਆ ਖ਼ਤਮ ਹੋ ਗਈ, ਜਾਂ ਖ਼ਤਮ ਹੋਣ ਦੇ ਨੇੜੇ ਹੈ। ਫਿਰ ਵੀ ਅਸੀਂ ਜਾਣਦੇ ਹਾਂ ਕਿ ਕਲੀਸੀਆ ਅਖ਼ੀਰ ਵਿਚ ਮਸੀਹ ਦੀ ਲਾੜੀ ਦੇ ਰੂਪ ਵਿਚ ਫ਼ਤਹਿਮੰਦ ਹੋ ਕੇ ਨਿੱਕਲੇਗੀ। ਪ੍ਰਭੂ ਦੀ ਦੇਹ ਦੇ ਵਫ਼ਾਦਾਰ ਅੰਗ (ਮੈਂਬਰਾਂ) ਮਸੀਹ ਦੇ ਨਾਲ ਉਹਦੀ ਗੱਦੀ ਤੇ ਬੈਠਣਗੇ (ਪਰਕਾਸ਼ 3:21)। ਕਈ ਭਾਵੇਂ ਨਿਹਚਾ ਲਈ ਮਰ ਜਾਣ, ਪਰ ਖ਼ੁਦਾ ਦੇ ਲੋਕ ਅਖ਼ੀਰ ਵਿਚ, ਰੂਹਾਨੀ ਤੌਰ ਤੇ ਅਤੇ ਹਮੇਸ਼ਾ ਲਈ ਫ਼ਤਹਿ ਹੀ ਪਾਉਣਗੇ! ਉਸ ਅਰਥ ਵਿਚ, ਅਸੀਂ ਅਜਿੱਤ ਹਾਂ! ਪੌਲੁਸ ਨੇ ਇਸ ਸਚਿਆਈ ਨੂੰ ਦੋ ਵੱਖੋ ਵੱਖ ਰੂਪਾਂ ਵਿਚ ਦੱਸਿਆ ਹੈ, ਇਕ ਸਵਾਲ ਅਤੇ ਇਕ ਐਲਾਨ ਵਿਚ: ''ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ?''; ''ਉਹਦੇ ਦੁਆਰਾ ਜਿਹਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵੱਧ ਫ਼ਤਹਿ ਪਾਉਂਦੇ ਹਾਂ'' (ਰੋਮੀਆਂ 8:31, 37)।

---

ਟਿੱਪਣੀਆਂ

[1]ਮਾਰਕ ਮੈਂਗਨੋ, *ਅਸਤਰ ਐਂਡ ਦਾਨੀਏਲ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 89. [2]ਹੇਰੋਦੋਤਸ *ਹਿਸਟਰੀਜ਼* 8.85. ਉਸਨੇ ਫ਼ਾਰਸੀ ਰਾਜਿਆਂ ਦੁਆਰਾ ਦਿੱਤੇ ਹੋਰ ਵੱਡੇ ਇਨਾਮਾਂ ਦਾ ਜ਼ਿਕਰ ਕੀਤਾ, 3.138, 140; 5.11; 9.107. [3]ਜੌਇਸ ਜੀ. ਬਾਲਡਵਿਨ, *ਅਸਤਰ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1984), 89–90. [4]ਉੱਥੇ ਹੀ, 90. [5]ਮੈਂਗੇਨੋ, 91. 1 ਰਾਜਿਆਂ 1:33 ਵਿਚ ਦਾਊਦ ਅਤੇ ਉਸਦਾ ਪੁੱਤਰ ਸੁਲੇਮਾਨ ਆਪਣੀ ਖੱਚਰ ਉੱਤੇ ਚੜ੍ਹੇ, ਜੋ ਇਸ ਗੱਲ ਦਾ ਸੰਕੇਤ ਸੀ ਕਿ ਇਸਰਾਏਲ ਦਾ ਅਗਲਾ ਬਾਦਸ਼ਾਹ ਓਸੇ ਨੇ ਹੋਣਾ ਸੀ। [6]ਅਡੇਲੇ ਬਰਲਿਨ, *ਅਸਤਰ*, ਦ ਜੇਪੀਐਸ ਬਾਈਬਲ ਕਮੈਂਟਰੀ (ਫ਼ਿਲਾਡੈਲਫ਼ੀਆ: ਜਿਉਇਸ਼ ਪਬਲੀਕੇਸ਼ਨ ਸੋਸਾਇਟੀ, 2001), 60. [7]ਕੈਰੀ ਏ. ਮੂਰ, *ਅਸਤਰ*, ਦ ਐਂਕਰ ਬਾਈਬਲ, ਜਿਲਦ 7ਬੀ (ਨਿਊ ਯਾਰਕ: ਡਬਲਡੇਅ ਐਂਡ ਕੰ., 1971), 65. [8]*ਬ੍ਰੌਡਮੈਨ ਬਾਈਬਲ ਕਮੈਂਟਰੀ*, ਜਿਲਦ 4, *ਅਸਤਰ–ਜ਼ਬੂਰਾਂ* (ਨੈਸ਼ਵਿਲ: ਬ੍ਰੌਡਮੈਨ ਪ੍ਰੈੱਸ, 1971), 15 ਵਿਚ ਰੇਡਾਰ ਬੀ. ਜੋਰਨਾਰਡ, ''ਅਸਤਰ।'' [9]ਮੂਰ, 67. [10]ਲਿੰਡਾ ਡੇ, *ਅਸਤਰ*, ਅਬਿੰਗਡਨ ਓਲਡ ਟੈਸਟਾਮੈਂਟ ਕਮੈਂਟਰੀਜ਼ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 2005), 113.

[11]ਮਾਈਕਲ ਵੀ. ਫ਼ੌਕਸ, *ਕਰੈਕਟਰ ਐਂਡ ਆਡਿਓਲੋਜੀ ਇਨ ਦ ਬੁਕ ਆਫ਼ ਅਸਤਰ*, ਜਿਲਦ 2ਜੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 2001), 81.